GLOBAL CONTAINER TERMINALS CANADA

*Where tomorrow arrives today.*



# GCT Canada: Truck Reservation Pilot Program

## ਟਰੱਕ ਰੀਜ਼ਰਵੇਸ਼ਨ ਸਿਸਟਮ ਪਾਇਲਟ ਪ੍ਰੋਗਰਾਮ

**01 May 2018**

Following consultation with our supply chain partners, the Vancouver Fraser Port Authority, Transport Canada, the BC Ministry of Transportation and Infrastructure, and OBCCTC[1], we are introducing a pilot program to improve gateway efficiency through the normalization of truck gate fees. Commencing June 1, 2018, the program will be implemented at GCT Vanterm and GCT Deltaport for a trial period ending December 31, 2018.

The intended outcomes of the program are to smooth transactions for truck drivers, with a goal to increase productivity within a driver's operating hours. The pilot program also seeks to provide operational autonomy to trucking companies and drivers, to improve capacity utilization, and to mitigate barriers identified by some stakeholders for increased double-ended container moves.

Effective June 1, 2018 all truck appointments at GCT Canada will be $35, regardless of shift. The weekly appointment availability remains the same. Since the Terminal Gate Efficiency Program was introduced in 2014, the fee has remained fixed despite increasing operating costs at the terminals[2]. Results from this program will be actively monitored with updates provided as the program progresses.

We look forward to ongoing engagement with you as we continue to collaborate on increasing efficiency and cargo velocity through the Vancouver Gateway.

If you have any questions, please do not hesitate to contact customerservice-can@globalterminals.com.

Punjabi follows below.

---

*[1] Office of the British Columbia Container Trucking Commissioner ("OBCCTC").*
*[2] The decreased rate of $35 from $50 is modeled upon 2014 operating conditions.*

# ਟਰੱਕ ਰੀਜ਼ਰਵੇਸ਼ਨ ਸਿਸਟਮ ਪਾਇਲਟ ਪ੍ਰੋਗਰਾਮ

**ਮੰਗਲਵਾਰ, 1 ਮਈ, 2018**

ਸਪਲਾਈ ਕਰਨ ਵਾਲੇ ਸਾਡੇ ਹਿੱਸੇਦਾਰਾਂ, ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ, ਟ੍ਰਾਂਸਪੋਰਟ ਕੈਨੇਡਾ, ਬੀ ਸੀ ਮਨਿਸਟਰੀ ਔਫ ਟ੍ਰਾਂਸਪੋਰਟੇਸ਼ਨ ਐਂਡ ਇਨਫਰਾਸਟਰੱਕਚਰ, ਅਤੇ ਓ ਬੀ ਸੀ ਸੀ ਟੀ ਸੀ[1] ਨਾਲ ਸਲਾਹ-ਮਸ਼ਵਰੇ ਤੋਂ ਬਾਅਦ, ਅਸੀਂ ਟਰੱਕ ਗੇਟ ਫੀਸਾਂ ਦੇ ਸਧਾਰਨੀਕਰਨ ਰਾਹੀਂ ਗੇਟਵੇਅ ਦੀ ਕਾਰਗਰਤਾ ਵਿਚ ਸੁਧਾਰ ਕਰਨ ਲਈ ਇਕ ਪਾਇਲਟ ਪ੍ਰੋਗਰਾਮ ਸ਼ੁਰੂ ਕਰ ਰਹੇ ਹਾਂ। **1 ਜੂਨ, 2018** ਤੋਂ ਇਹ ਪ੍ਰੋਗਰਾਮ ਜੀ ਸੀ ਟੀ ਵੈਂਟਰਮ ਅਤੇ ਜੀ ਸੀ ਟੀ ਡੈਲਟਾਪੋਰਟ ਵਿਖੇ **31** ਦਸੰਬਰ, **2018** ਤੱਕ ਇਕ ਅਜ਼ਮਾਇਸ਼ੀ ਸਮੇਂ ਲਈ ਲਾਗੂ ਕੀਤਾ ਜਾਵੇਗਾ।

ਪ੍ਰੋਗਰਾਮ ਦਾ ਮਕਸਦ ਟਰੱਕ ਡਰਾਈਵਰਾਂ ਲਈ ਕਾਰਵਿਹਾਰ ਨੂੰ ਨਿਰਵਿਘਨ ਕਰਨਾ ਹੈ ਅਤੇ ਡਰਾਈਵਰ ਦੇ ਕੰਮ ਕਰਨ ਦੇ ਸਮਿਆਂ ਵਿਚ ਪ੍ਰੋਡੱਕਟੀਵਿਟੀ ਨੂੰ ਵਧਾਉਣਾ ਹੈ। ਪਾਇਲਟ ਪ੍ਰੋਗਰਾਮ ਦਾ ਮਕਸਦ, ਸਮਰੱਥਾ ਦੀ ਵਰਤੋਂ ਵਿਚ ਸੁਧਾਰ ਕਰਨ ਲਈ ਟਰੱਕਿੰਗ ਕੰਪਨੀਆਂ ਅਤੇ ਡਰਾਈਵਰਾਂ ਲਈ ਕਾਰੋਬਾਰੀ ਆਜ਼ਾਦੀ ਪ੍ਰਦਾਨ ਕਰਨਾ ਅਤੇ ਜ਼ਿਆਦਾ ਡਬਲ-ਇੰਡਿੰਡ ਕਨਟੇਨਰ ਮੂਵਜ਼ ਲਈ ਹਿੱਤ ਰੱਖਣ ਵਾਲੀਆਂ ਕੁਝ ਧਿਰਾਂ ਵਲੋਂ ਪਛਾਣੀਆਂ ਗਈਆਂ ਰੁਕਾਵਟਾਂ ਨੂੰ ਘੱਟ ਕਰਨਾ ਵੀ ਸ਼ਾਮਲ ਹੈ।

**1** ਜੂਨ, **2018** ਤੋਂ ਜੀ ਸੀ ਟੀ ਕੈਨੇਡਾ ਵਿਖੇ ਸਾਰੀਆਂ ਟਰੱਕ ਅਪੌਇੰਟਮੈਂਟਾਂ ਲਈ ਫੀਸ **35** ਡਾਲਰ ਹੋਵੇਗੀ, ਸ਼ਿਫਟ ਭਾਵੇਂ ਕੋਈ ਵੀ ਹੋਵੇ। ਹਫਤਾਵਾਰੀ ਅਪੌਇੰਟਮੈਂਟ ਦੀ ਪਹੁੰਚਯੋਗਤਾ ਓਹੀ ਰਹੇਗੀ। ਟਰਮੀਨਲ ਗੇਟ ਐਫੀਸੈਂਸੀ ਪ੍ਰੋਗਰਾਮ ਦੇ **2014** ਵਿਚ ਸ਼ੁਰੂ ਹੋਣ ਤੋਂ ਲੈ ਕੇ, ਟਰਮੀਨਲਾਂ `ਤੇ ਵਧੇ ਖਰਚਿਆਂ ਦੇ ਬਾਵਜੂਦ ਫੀਸਾਂ ਨਿਸ਼ਚਤ ਹੀ ਰਹੀਆਂ ਹਨ[2] । ਇਸ ਪ੍ਰੋਗਰਾਮ ਦੇ ਨਤੀਜਿਆਂ `ਤੇ ਸਰਗਰਮੀ ਨਾਲ ਨਿਗਰਾਨੀ ਰੱਖੀ ਜਾਵੇਗੀ ਅਤੇ ਪ੍ਰੋਗਰਾਮ ਦੇ ਅਗਾਂਹ ਵਧਣ `ਤੇ ਨਵੀਂ ਜਾਣਕਾਰੀ ਦਿੱਤੀ ਜਾਂਦੀ ਰਹੇਗੀ।

ਵੈਨਕੂਵਰ ਗੇਟਵੇਅ ਰਾਹੀਂ ਸਮਰੱਥਾ ਅਤੇ ਕਾਰਗੋ ਦੀ ਰਫਤਾਰ ਵਧਾਉਣ ਲਈ ਆਪਣਾ ਸਹਿਯੋਗ ਜਾਰੀ ਰੱਖਣ ਦੌਰਾਨ ਸਾਨੂੰ ਤੁਹਾਡੇ ਨਾਲ ਲਗਾਤਾਰ ਸੰਪਰਕ ਰੱਖਣ ਦੀ ਤਾਂਘ ਨਾਲ ਉਡੀਕ ਹੈ।

ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਬੇਝਿਜਕ customerservice-can@globalterminals.com `ਤੇ ਸੰਪਰਕ ਕਰੋ।

---

*[1] **ਬ੍ਰਿਟਿਸ਼ ਕੋਲੰਬੀਆ ਕਨਟੇਨਰ ਟਰੱਕਿੰਗ ਕਮਿਸ਼ਨਰ ਦਾ** ਦਫਤਰ **("ਓ ਬੀ ਸੀ ਸੀ ਟੀ ਸੀ")।***

*[2] **50 ਡਾਲਰ ਤੋਂ** ਘਟ **ਕੇ 35 ਡਾਲਰ ਹੋਇਆ ਰੇਟ 2014 ਦੀਆਂ ਕਾਰੋਬਾਰੀ ਹਾਲਤਾਂ ਦੀ** ਨਕਲ **ਹੈ।***